<u>**ਸ਼ਡਿਊਲ " ਈ "**</u>

---

## TPINE LEASING CAPITAL CORPORATION ਕਲੈਕਸ਼ਨ ਪਲਾਨ ਨੋਟਿਸ

---

**ਸੇਵਾ ਵਿਖੇ: TPINE LEASING CAPITAL CORPORATION (“TLCC”) ਦੇ ਪਟੇਦਾਰ**

ਓਨਟੈਰੀਓ ਸੁਪੀਰੀਅਰ ਕੋਰਟ ਆਫ਼ ਜਸਟਿਸ (ਵਪਾਰਕ ਸੂਚੀ) ਨੇ 13 ਜਨਵਰੀ, 2026 ਨੂੰ ਆਦੇਸ਼ (**"ਕਲੈਕਸ਼ਨ ਪਲਾਨ ਆਰਡਰ"**) ਜਾਰੀ ਕੀਤੇ ਜੋ TPine ਕੈਨੇਡਾ ਸਿਕਿਉਰਿਟਾਈਜ਼ੇਸ਼ਨ LP ("**ਰਿਸੀਵਰ**") ਦੇ ਅਦਾਲਤ ਦੁਆਰਾ ਨਿਯੁਕਤ ਰਿਸੀਵਰ ਅਤੇ ਮੈਨੇਜਰ ਵਜੋਂ BDO ਕੈਨੇਡਾ ਲਿਮਟਿਡ ਜਾਂ TLCC ("**ਮੈਨੇਜਰ**") ਦੀ ਕਿਸੇ ਜਾਇਦਾਦ ਦੇ ਮੈਨੇਜਰ ਵਜੋਂ ਅਦਾਲਤ ਦੁਆਰਾ ਨਿਯੁਕਤ ਅਲਵਾਰੇਜ਼ ਐਂਡ ਮਾਰਸਲ ਕੈਨੇਡਾ ਇੰਕ. ਦੇ ਤੌਰ 'ਤੇ ਕੀਤੇ ਦਾਅਵਿਆਂ ਦੀ ਮਾਤਰਾ ਅਤੇ ਸਾਲਸੀ (adjudication), ਜਾਂ ਵਿਕਲਪਿਕ ਤੌਰ 'ਤੇ ਦਾਅਵਿਆਂ ਦੇ ਨਿਪਟਾਰੇ ਲਈ ਉਗਰਾਹੀ ਯੋਜਨਾਵਾਂ (Collection Plans) ਸਥਾਪਤ ਕਰਦੇ ਹਨ। ਇਹ ਦਾਅਵੇ ਕੁਝ ਪਟੇਦਾਰਾਂ, ਸਹਿ-ਪਟੇਦਾਰਾਂ, ਗਾਰੰਟਰਾਂ, ਅਤੇ ਹੋਰ ਦੇਣਦਾਰਾਂ ਦੁਆਰਾ TLCC ਨਾਲ ਲੀਜ਼ ਸਮਝੌਤੇ, ਗਾਰੰਟੀ, ਜਾਂ ਇਹੋ ਜਿਹੇ ਹੋਰ ਦਸਤਾਵੇਜ਼ਾਂ (ਇੱਕ "**ਲੀਜ਼**") ਦੇ ਤਹਿਤ ਬਕਾਇਆ ਰਕਮਾਂ ਲਈ ਹਨ।

ਜੇਕਰ ਤੁਹਾਡੇ ਲੀਜ਼ ਭੁਗਤਾਨ TLCC ਨਾਲ ਲੀਜ਼ ਦੇ ਤਹਿਤ ਸੱਠ ਦਿਨਾਂ ਤੋਂ ਵੱਧ ਸਮੇਂ ਤੋਂ ਬਕਾਇਆ ਹਨ, ਤਾਂ ਤੁਸੀਂ ਇਸ ਉਗਰਾਹੀ ਯੋਜਨਾ (Collection Plan) ਤੋਂ ਪ੍ਰਭਾਵਿਤ ਹੋ ਸਕਦੇ ਹੋ। **ਕਿਰਪਾ ਕਰਕੇ ਇਸ ਨੋਟਿਸ ਨੂੰ ਧਿਆਨ ਨਾਲ ਪੜ੍ਹੋ ਕਿਉਂਕਿ ਇਹ ਤੁਹਾਡੇ ਕਾਨੂੰਨੀ ਅਧਿਕਾਰਾਂ ਨੂੰ ਪ੍ਰਭਾਵਿਤ ਕਰ ਸਕਦਾ ਹੈ।**

ਇਹ ਜਾਂਚ ਕਰਕੇ ਕਿ ਕੀ ਤੁਹਾਡੀ ਲੀਜ਼(ਜ਼ਾਂ) ਜਾਂ VIN(s) ਮੈਨੇਜਰ ਅਤੇ ਰਿਸੀਵਰ ਦੁਆਰਾ ਉਹਨਾਂ ਦੀਆਂ ਵੈੱਬਸਾਈਟਾਂ 'ਤੇ ਰੱਖੀ ਜਾਂਦੀ ਲੀਜ਼(ਜ਼ਾਂ) ਅਤੇ VIN(s) ਦੀ ਸੂਚੀ ("**ਲੀਜ਼ ਸੂਚੀ**") ਵਿੱਚ ਦਿਖਾਈ ਦਿੰਦੇ ਹਨ ਜੋ ਹੇਠਾਂ ਲਿੰਕ ਕੀਤੀਆਂ ਗਈਆਂ ਹਨ, ਤੁਸੀਂ ਇਹ ਪਤਾ ਲਗਾ ਸਕਦੇ ਹੋ ਕਿ ਕੀ ਇਹ ਨੋਟਿਸ ਅਤੇ ਕਲੈਕਸ਼ਨ ਪਲਾਨ ਤੁਹਾਨੂੰ ਪ੍ਰਭਾਵਿਤ ਕਰਦਾ ਹੈ। ਜੇਕਰ ਤੁਹਾਡੇ ਕੋਈ ਸਵਾਲ ਹਨ, ਤਾਂ ਤੁਹਾਨੂੰ ਹੇਠਾਂ ਦਿੱਤੀ ਸੰਪਰਕ ਜਾਣਕਾਰੀ 'ਤੇ ਮੈਨੇਜਰ ਅਤੇ/ਜਾਂ ਰਿਸੀਵਰ ਨਾਲ ਸੰਪਰਕ ਕਰਨ ਲਈ ਉਤਸ਼ਾਹਿਤ ਕੀਤਾ ਜਾਂਦਾ ਹੈ।

ਮੈਨੇਜਰ ਅਤੇ ਰਿਸੀਵਰ ਸਮੇਂ-ਸਮੇਂ 'ਤੇ ਲੀਜ਼ ਸੂਚੀ ਨੂੰ ਅਪਡੇਟ ਕਰਨਗੇ। ਇਹ ਤੁਹਾਡੀ ਜ਼ਿੰਮੇਵਾਰੀ ਹੈ ਕਿ ਤੁਸੀਂ ਲੀਜ਼ ਸੂਚੀ 'ਤੇ ਨਜ਼ਰ ਰੱਖੋ ਤਾਂ ਜੋ ਇਹ ਦੇਖਿਆ ਜਾ ਸਕੇ ਕਿ ਕੀ ਤੁਹਾਡੀ ਲੀਜ਼(ਜ਼ਾਂ) ਜਾਂ VIN(s) ਨੂੰ ਇਸ ਲੀਜ਼ ਸੂਚੀ ਵਿੱਚ ਸ਼ਾਮਲ ਕੀਤਾ ਗਿਆ ਹੈ ਜਾਂ ਨਹੀਂ।

<u>**ਰਿਸੀਵਰ ਦੀ ਵੈੱਬਸਾਈਟ ਅਤੇ ਸੰਪਰਕ ਜਾਣਕਾਰੀ:**</u>

https://www.bdo.ca/services/financial-advisory-services/business-restructuring-turnaround-services/current-engagements/tpine

**BDO CANADA LIMITED**

**Receiver and Manager of TPine Canada Securitization LP**
**20 Wellington Street East, Suite 500**
**Toronto, ON M5E 1C5**

**ਈਮੇਲ** : tpine-inquiry@bdo.ca

<u>**ਮੈਨੇਜਰ ਦੀ ਵੈੱਬਸਾਈਟ ਅਤੇ ਸੰਪਰਕ ਜਾਣਕਾਰੀ:**</u>

www.alvarezandmarsal.com/tpine

**ALVAREZ & MARSAL CANADA INC.**

**ਇਸ ਨੋਟਿਸ ਨੂੰ** ਓਨਟੈਰੀਓ **ਸੁਪੀਰੀਅਰ ਕੋਰਟ ਆਫ਼ ਜਸਟਿਸ (ਵਪਾਰਕ ਸੂਚੀ) ਦੁਆਰਾ ਮਨਜ਼ੂਰੀ ਦਿੱਤੀ ਗਈ ਸੀ।**

**Manager of certain assets of Pride Group Holdings Inc., et al.**

**Royal Bank Plaza, South Tower 200 Bay Street, Suite 2900**

**Toronto, ON M5J 2J1**

**ਈਮੇਲ:** tpine@alvarezandmarsal.com

**ਹੌਟਲਾਈਨ: [•]**

*ਇਸ ਨੋਟਿਸ ਵਿੱਚ ਵਰਤੇ ਗਏ ਅਤੇ ਨਾ ਪਰਿਭਾਸ਼ਿਤ ਕੀਤੇ ਗਏ ਪਰਿਭਾਸ਼ਿਤ ਸ਼ਬਦਾਂ ਦੇ ਅਰਥ ਉਗਰਾਹੀ ਯੋਜਨਾ ਆਦੇਸ਼ਾਂ ਵਿੱਚ ਦਿੱਤੇ ਗਏ ਹਨ , ਜਿਵੇਂ ਵੀ ਲਾਗੂ ਹੋਵੇ।*

ਜੇਕਰ ਤੁਸੀਂ ਕੋਈ ਡਿਫਾਲਟ ਕਰਨ ਵਾਲੇ ਦੇਣਦਾਰ ਹੋ, ਤਾਂ ਤੁਹਾਨੂੰ ਇੱਕ ਦਾਅਵਾ ਪੈਕੇਜ ਭੇਜਿਆ ਜਾਵੇਗਾ ਜਿਸ ਵਿੱਚ ਜਾਂ ਤਾਂ ਰਿਸੀਵਰ ਦਾ ਦਾਅਵਾ ਜਾਂ ਮੈਨੇਜਰ ਦਾ ਦਾਅਵਾ (ਹਰੇਕ ਇੱਕ " **ਦਾਅਵਾ** "), ਸੰਬੰਧਿਤ ਉਗਰਾਹੀ ਯੋਜਨਾ ਆਰਡਰ ਦੀ ਇੱਕ ਕਾਪੀ, ਇੱਕ ਨਿਰਦੇਸ਼ ਪੱਤਰ, ਇੱਕ ਸੈਟਲਮੈਂਟ ਪੇਸ਼ਕਸ਼, ਇੱਕ ਖਾਲੀ ਵਿਵਾਦ ਨੋਟਿਸ ਫਾਰਮ, ਅਤੇ ਕੋਈ ਵੀ ਹੋਰ ਦਸਤਾਵੇਜ਼ ਜੋ ਰਿਸੀਵਰ ਜਾਂ ਮੈਨੇਜਰ ਢੁਕਵਾਂ ਸਮਝ ਸਕਦਾ ਹੈ, ਡਾਕ ਜਾਂ ਈਮੇਲ ਰਾਹੀਂ ਭੇਜਿਆ ਜਾਵੇਗਾ। ਜੇਕਰ ਤੁਹਾਡੇ ਕੋਲ ਕਈ ਲੀਜ਼ ਹਨ ਤਾਂ ਤੁਹਾਨੂੰ ਇੱਕ ਤੋਂ ਵੱਧ ਦਾਅਵਾ ਪੈਕੇਜ ਭੇਜੇ ਜਾ ਸਕਦੇ ਹਨ।

ਜੇਕਰ ਤੁਹਾਨੂੰ ਦਾਅਵਾ ਪੈਕੇਜ ਪ੍ਰਾਪਤ ਨਹੀਂ ਹੁੰਦਾ, ਤਾਂ ਤੁਸੀਂ ਦਾਅਵਾ ਪੈਕੇਜ ਦੀ ਬੇਨਤੀ ਕਰਨ ਲਈ ਜਾਂ ਦਾਅਵਾ ਯੋਜਨਾ ਦੇ ਸੰਬੰਧ ਵਿੱਚ ਕਿਸੇ ਹੋਰ ਨੋਟਿਸ ਜਾਂ ਪੁੱਛਗਿੱਛ ਲਈ ਉੱਪਰ ਦਿੱਤੇ ਪਤਿਆਂ 'ਤੇ ਰਿਸੀਵਰ ਅਤੇ ਮੈਨੇਜਰ ਨਾਲ ਸੰਪਰਕ ਕਰ ਸਕਦੇ ਹੋ।

ਦਾਅਵਾ ਉਹਨਾਂ ਰਕਮਾਂ ਨੂੰ ਨਿਰਧਾਰਤ ਕਰੇਗਾ ਜਿਨ੍ਹਾਂ ਬਾਰੇ ਰਿਸੀਵਰ ਜਾਂ ਮੈਨੇਜਰ ਮੰਨਦਾ ਹੈ ਕਿ ਤੁਸੀਂ ਲੀਜ਼ ਦੇ ਤਹਿਤ ਦੇਣਦਾਰ ਹੋ ਅਤੇ ਉਹ ਕਾਰਨ ਵੀ ਦੱਸੇਗਾ ਜਿਨ੍ਹਾਂ ਕਰਕੇ ਰਿਸੀਵਰ ਜਾਂ ਮੈਨੇਜਰ ਮੰਨਦਾ ਹੈ ਕਿ ਤੁਸੀਂ ਉਨ੍ਹਾਂ ਰਕਮਾਂ ਦੇ ਦੇਣਦਾਰ ਹੋ।

- ਜੇਕਰ ਤੁਸੀਂ ਦਾਅਵੇ ਦੀ ਰਕਮ 'ਤੇ ਵਿਵਾਦ ਨਹੀਂ ਕਰਦੇ ਅਤੇ ਸੈਟਲਮੈਂਟ ਪੇਸ਼ਕਸ਼ ਨੂੰ ਸਵੀਕਾਰ ਕਰਨ ਲਈ ਤਿਆਰ ਹੋ, ਤਾਂ ਤੁਹਾਨੂੰ ਦਾਅਵੇ ਪੈਕੇਜ ("ਜਵਾਬ **ਦੀ ਆਖਰੀ ਮਿਤੀ**") ਦੀ ਮਿਤੀ ਤੋਂ **ਪੰਤਾਲੀ (45) ਦਿਨਾਂ ਦੇ ਅੰਦਰ-ਅੰਦਰ , ਰਿਸੀਵਰ ਜਾਂ ਮੈਨੇਜਰ ਨਾਲ ਲਿਖਤੀ ਰੂਪ ਵਿੱਚ ਇੱਕ ਸੈਟਲਮੈਂਟ ਸਮਝੌਤਾ ਕਰਨਾ ਚਾਹੀਦਾ ਹੈ, ਜਿਵੇਂ ਕਿ ਲਾਗੂ ਹੁੰਦਾ ਹੋਵੇ।**

- ਜੇਕਰ ਤੁਸੀਂ ਦਾਅਵੇ ਦੀ ਰਕਮ ਨਾਲ ਅਸਹਿਮਤ ਹੋ ਅਤੇ ਸੈਟਲਮੈਂਟ ਪੇਸ਼ਕਸ਼ ਨੂੰ ਸਵੀਕਾਰ ਕਰਨ ਲਈ ਤਿਆਰ ਨਹੀਂ ਹੋ, ਦਾਅਵਾ ਪੈਕੇਜ ਦੀ ਮਿਤੀ ਤੋਂ **ਪੰਤਾਲੀ (45) ਦਿਨਾਂ ਤੋਂ ਪਹਿਲਾਂ**, ਜਵਾਬ ਦੇਣ ਦੀ ਆਖਰੀ ਮਿਤੀ ਤੱਕ, ਜਿਵੇਂ ਕਿ ਲਾਗੂ ਹੋਵੇ, ਰਿਸੀਵਰ ਜਾਂ ਮੈਨੇਜਰ ਨੂੰ ਕਿਸੇ ਅਟੈਚਮੈਂਟਾਂ ਸਮੇਤ, ਵਿਵਾਦ ਦਾ ਨੋਟਿਸ ਭਰਨਾ ਅਤੇ ਦੇਣਾ ਪਵੇਗਾ।

- ਜੇਕਰ ਤੁਹਾਡੇ ਕੋਲ ਕੋਈ ਸਾਜ਼ੋ-ਸਮਾਨ ਅਤੇ ਕੋਈ ਵੀ ਸੰਬੰਧਿਤ ਵਸਤੂਆਂ ਲੀਜ਼ ਦੇ ਅਧੀਨ ਹਨ ਅਤੇ ਤੁਸੀਂ ਰਿਸੀਵਰ ਜਾਂ ਮੈਨੇਜਰ ਨਾਲ, ਜਿਵੇਂ ਕਿ ਲਾਗੂ ਹੋਵੇ, ਜਵਾਬ ਦੇਣ ਦੀ ਸਮਾਂ ਸੀਮਾ ਤੱਕ ਕਿਸੇ ਸਮਝੌਤੇ 'ਤੇ ਪਹੁੰਚਣ ਵਿੱਚ ਅਸਫਲ ਰਹਿੰਦੇ ਹੋ, ਤਾਂ ਤੁਹਾਨੂੰ ਜਵਾਬ ਦੇਣ ਦੀ ਆਖਰੀ ਮਿਤੀ **ਤੋਂ ਲੈਕੇ ਦਸ (10) ਦਿਨਾਂ ਦੇ ਅੰਦਰ** ਸਾਜ਼ੋ-ਸਮਾਨ ਅਤੇ ਕੋਈ ਵੀ ਸੰਬੰਧਿਤ ਵਸਤੂਆਂ ਨੂੰ ਰਿਸੀਵਰ ਜਾਂ ਮੈਨੇਜਰ ਦੁਆਰਾ ਨਿਰਧਾਰਤ ਸਥਾਨ 'ਤੇ ਪਹੁੰਚਾਉਣ ਦੀ ਲੋੜ ਹੋਵੇਗੀ।

**ਸਾਵਧਾਨ: ਜੇਕਰ ਤੁਸੀਂ ਇੱਕ ਡਿਫਾਲਟ ਕਰਨ ਵਾਲੇ ਦੇਣਦਾਰ ਹੋ ਅਤੇ ਤੁਸੀਂ ਮੈਨੇਜਰ ਜਾਂ ਰਿਸੀਵਰ (ਜਿਵੇਂ ਲਾਗੂ ਹੋਵੇ) ਨਾਲ ਸਮਝੌਤਾ ਕਰਨ ਵਿੱਚ ਅਸਫਲ ਰਹਿੰਦੇ ਹੋ ਜਾਂ ਜਵਾਬ** ਦੇਣ **ਦੀ ਆਖਰੀ ਮਿਤੀ ਤੋਂ ਪਹਿਲਾਂ** ਰਿਸੀਵਰ **ਜਾਂ** ਮੈਨੇਜਰ (ਜੋ ਵੀ **ਲਾਗੂ ਹੋਵੇ) ਨੂੰ ਵਿਵਾਦ ਦਾ ਨੋਟਿਸ ਦੇਣ ਵਿੱਚ ਅਸਫਲ ਰਹਿੰਦੇ ਹੋ, ਤਾਂ ਤੁਹਾਨੂੰ ਦਾਅਵੇ** ਵਿਚਲੇ **ਦੋਸ਼ਾਂ ਅਤੇ ਦਾਅਵੇ ਵਿੱਚ ਦੱਸੇ ਅਨੁਸਾਰ ਤੁਹਾਡੇ ਦੁਆਰਾ ਬਕਾਇਆ ਰਕਮ (ਰਾਸ਼ੀ) ਨੂੰ ਸਵੀਕਾਰ ਕਰਨ ਵਾਲਾ ਮੰਨਿਆ ਜਾਵੇਗਾ, ਅਤੇ** ਰਿਸੀਵਰ **ਜਾਂ** ਮੈਨੇਜਰ (ਜੋ ਵੀ **ਲਾਗੂ ਹੋਵੇ) ਉਹਨਾਂ ਰਕਮਾਂ (ਰਾਸ਼ੀ**ਆਂ) **ਲਈ ਤੁਹਾਡੇ ਵਿਰੁੱਧ ਡਿਫਾਲਟ ਫੈਸਲਾ ਲੈਣ ਦਾ ਹੱਕਦਾਰ ਹੋਵੇਗਾ।**

**ਇਸ ਨੋਟਿਸ ਨੂੰ** ਓਨਟੈਰੀਓ **ਸੁਪੀਰੀਅਰ ਕੋਰਟ ਆਫ਼ ਜਸਟਿਸ (ਵਪਾਰਕ ਸੂਚੀ) ਦੁਆਰਾ ਮਨਜ਼ੂਰੀ ਦਿੱਤੀ ਗਈ ਸੀ।**

**ਇਹ ਯਕੀਨੀ ਬਣਾਉਣਾ ਤੁਹਾਡੀ ਜ਼ਿੰਮੇਵਾਰੀ ਹੈ ਕਿ** ਰਿਸੀਵਰ **ਜਾਂ** ਮੈਨੇਜਰ (ਜੋ ਵੀ **ਲਾਗੂ ਹੋਵੇ) ਨੂੰ ਨਿਪਟਾ**ਰੇ ਦੀ **ਪੇਸ਼ਕਸ਼ ਜਾਂ ਵਿਵਾਦ ਦੇ ਨੋਟਿਸ ਦੀ ਤੁਹਾਡੀ ਸਵੀਕ੍ਰਿਤੀ, ਜਿਵੇਂ ਵੀ ਲਾਗੂ ਹੋਵੇ, ਜਵਾਬ ਦੀ ਆਖਰੀ ਮਿਤੀ ਤੱਕ ਮਿਲ ਜਾਵੇ**।

ਇਹ ਨੋਟਿਸ ਕਲੈਕਸ਼ਨ ਪਲਾਨ ਆਰਡਰਾਂ ਦੀਆਂ ਸ਼ਰਤਾਂ ਦਾ ਸਾਰ ਹੈ। ਜੇਕਰ ਇਸ ਨੋਟਿਸ ਦੇ ਉਪਬੰਧਾਂ ਅਤੇ ਕਲੈਕਸ਼ਨ ਪਲਾਨ ਆਰਡਰਾਂ ਦੀਆਂ ਸ਼ਰਤਾਂ ਵਿਚਕਾਰ ਕੋਈ ਟਕਰਾਅ ਹੈ, ਤਾਂ ਕਲੈਕਸ਼ਨ ਪਲਾਨ ਆਰਡਰਾਂ ਦੀਆਂ ਸ਼ਰਤਾਂ ਲਾਗੂ ਹੋਣਗੀਆਂ। ਤੁਸੀਂ ਰਿਸੀਵਰ ਦੀ ਵੈੱਬਸਾਈਟ ਅਤੇ ਮੈਨੇਜਰ ਦੀ ਵੈੱਬਸਾਈਟ 'ਤੇ ਕਲੈਕਸ਼ਨ ਪਲਾਨ ਆਰਡਰਾਂ ਅਤੇ ਸੰਬੰਧਿਤ ਸਮੱਗਰੀ ਦੀ ਸਮੀਖਿਆ ਕਰ ਸਕਦੇ ਹੋ।

ਜੇਕਰ ਤੁਸੀਂ ਕਲੈਕਸ਼ਨ ਪਲਾਨ ਆਰਡਰਾਂ ਤੋਂ ਪ੍ਰਭਾਵਿਤ ਹੋ, ਤਾਂ ਤੁਹਾਨੂੰ ਕਲੈਕਸ਼ਨ ਪਲਾਨ ਆਰਡਰਾਂ ਵਿੱਚ ਦੱਸੇ ਗਏ ਮਾਮਲਿਆਂ ਨੂੰ ਹੱਲ ਕਰਨ ਲਈ ਜਿੰਨੀ ਜਲਦੀ ਹੋ ਸਕੇ ਆਪਣੀ ਕਾਨੂੰਨੀ ਸਲਾਹ ਲੈਣੀ ਚਾਹੀਦੀ ਹੈ ।

**ਇਸ ਨੋਟਿਸ ਨੂੰ** ਓਨਟੈਰੀਓ **ਸੁਪੀਰੀਅਰ ਕੋਰਟ ਆਫ਼ ਜਸਟਿਸ (ਵਪਾਰਕ ਸੂਚੀ) ਦੁਆਰਾ ਮਨਜ਼ੂਰੀ ਦਿੱਤੀ ਗਈ ਸੀ।**